ਪੰਜਾਬ ਸਰਕਾਰ

ਸਹਿਕਾਰਤਾ ਵਿਭਾਗ

(ਸਹਿਕਾਰਤਾ-2 ਸ਼ਾਖਾ)

ਸੇਵਾ ਵਿਖੇ,

1. ਲਵਨੀਤ ਬੰਗੜ/ ਹਰੀ ਓਮ,
102 ਏ, ਗਰੀਨ ਇਨਕਲੇਵ ਨੇੜੇ ਸੁਰੀਆ ਇਨਕਲੇਵ ,
ਥਾਣਾ ਰਾਮਾ ਮੰਡੀ ਜਲੰਧਰ, ਜਿਲ੍ਹਾ ਜਲੰਧਰ।

2. ਚਰਨਜੀਤ ਕੌਰ/ਰਣਜੀਤ ਸਿੰਘ,
ਹਾਊਸ ਨੰ:110813, ਤੋਪ ਖਾਨਾ ਗੇਟ ਘਾਸ ਮੰਡੀ,
ਕੋਤਵਾਲੀ ਪਟਿਆਲਾ, ਜਿਲ੍ਹਾਂ ਪਟਿਆਲਾ।

3. ਹਿਮਾਂਸ਼ੂ ਗਰਗ/ਭਾਰਤ ਭੂਸਨ,
ਮਕਾਨ ਨੰ: 7, ਨਿਊ ਲਹਿਲ ਕਲੋਨੀ,ਪਟਿਆਲਾ ਥਾਣਾ
ਸਿਵਲ ਲਾਈਨਜ਼, ਜਿਲ੍ਹਾ ਪਟਿਆਲਾ।

4. ਮਾਲਵਿੰਦਰ ਸਿੰਘ ਟਿਵਾਣਾ/ਰਘਵੀਰ ਸਿੰਘ
ਪਿੰਡ ਦਿੱਤੂਪੁਰ ਜੱਟਾਂ, ਡਾਕਘਰ ਭਕਸੌਦਾ, ਥਾਣਾ ਭਾਦਸੋਂ,
ਜਿਲ੍ਹਾਂ ਪਟਿਆਲਾ।

5. ਜੋਰਾ ਸਿੰਘ/ਖਜਾਨ ਸਿੰਘ
ਪਿੰਡ ਚੈਂਤਾ ਕਲਾਂ, ਡਾਕਘਰ ਝੱਲੀਆਂ ਖੁਰਦ, ਥਾਣਾ
ਚਮਕੌਰ ਸਾਹਿਬ, ਜਿਲ੍ਹਾਂ ਰੂਪਨਗਰ।

6. ਜਗਬੀਰ ਸਿੰਘ/ਹਰਜੀਤ ਸਿੰਘ
ਹਾਊਸ ਨੰ:102, ਨੇੜੇ ਗੁਰੂਦੁਆਰਾ, ਪਿੰਡ ਚੱਪੜਚਿੜੀ
ਖੁਰਦ, ਥਾਣਾ ਬਲੌਂਗੀ,ਤਹਿਸੀਲ ਤੇ ਜਿਲ੍ਹਾਂ ਐਸ.ਏ.ਐਸ
ਨਗਰ।

7. ਸੁਭਮ ਗਰਗ/ਨਰਿੰਦਰ ਕੁਮਾਰ
ਮਕਾਨ ਨੰ: ਬੀ 8-386, ਕਿੱਲ੍ਹਾ ਮੁਹੱਲਾ ਬਰਨਾਲਾ, ਥਾਣਾ
ਬਰਨਾਲਾ, ਜਿਲ੍ਹਾ ਬਰਨਾਲਾ।

8. ਨਿਤੇਸ਼ ਗੋਇਲ/ਨਰੇਸ਼ ਕੁਮਾਰ ਗੋਇਲ
ਗਲੀ ਨੰ:1, ਚਹਿਲ ਕਲੋਨੀ, ਨੇੜੇ ਨਾਨਕਿਆਣਾ ਚੌਂਕ,
ਜਿਲ੍ਹਾਂ ਸੰਗਰੂਰ।

9. ਹਰਮਨਪਾਲ ਸਿੰਘ/ਭੁਪਿੰਦਰ ਪਾਲ ਸਿੰਘ
ਮਕਾਨ ਨੰ:519, ਗਲੀ ਨੰ:2, ਖੱਬੇ ਗਰੀਨ ਐਵੀਨਿਊ
ਫਰੀਦਕੋਟ, ਜਿਲ੍ਹਾਂ ਫਰੀਦਕੋਟ।

10. ਰੋਬਿਨ ਗੋਇਲ/ਪਵਨ ਕੁਮਾਰ
ਪਵਨ ਕੁਮਾਰ, ਨਜਦੀਕ ਕੰਠ ਮੰਦਿਰ, ਵਾਰਡ ਨੰ:9
ਭੁੱਚੋ ਮੰਡੀ, ਥਾਣਾ ਨਥਾਣਾ, ਜਿਲ੍ਹਾਂ ਬਠਿੰਡਾ।

11. ਦਲਵੀਰ ਸਿੰਘ/ਸਤਪਾਲ ਸਿੰਘ
ਪਿੰਡ ਤੇ ਡਾਕਘਰ ਸ਼ੈਖਪੁਰਾ, ਮਕਾਨ ਨੰ:980,
ਭਗਵਾਨਪੁਰਾ ਰੋੜ ਰੋਮਾਣਾ ਪੱਤੀ, ਤਹਿਸੀਲ ਤੇ ਥਾਣਾ
ਤਲਵੰਡੀ ਸਾਬੋ, ਜਿਲ੍ਹਾਂ ਬਠਿੰਡਾ।

12. ਰਾਜਵੰਤ ਕੌਰ/ਬਲਵਿੰਦਰ ਸਿੰਘ
ਪਿੰਡ ਵਾੜਾ ਪੋਹ ਵਿੰਡੀਆ, ਤਹਿਸੀਲ ਜੀਰਾ, ਜਿਲ੍ਹਾਂ ਫਿਰੋਜਪੁਰ।

13. ਗੌਰਵ ਕੰਬੋਜ/ਦੇਸ ਰਾਜ
ਹਾਊਸ ਨੰ:6, ਕੈਂਪਸ ਸਿਵਲ ਹਸਪਤਾਲ, ਫਾਜਿਲਕਾ, ਜਿਲ੍ਹਾਂ ਫਾਜਿਲਕਾ।

14. ਵਿਸ਼ਾਲ ਸ਼ਰਮਾਂ/ਅਸਵਨੀ ਕੁਮਾਰ
ਮਕਾਨ ਨੰ:45, ਪਿੰਡ ਚੱਕਫਾਲਾ, ਡਾਕਘਰ ਬਡਲਾ, ਤਹਿਸੀਲ
ਦਸੂਹਾ, ਜਿਲ੍ਹਾਂ ਹੁਸ਼ਿਆਰਪੁਰ।

15. ਇੰਦਰਦੀਪ ਸਿੰਘ/ਸੁਰਿੰਦਰਪਾਲ ਸਿੰਘ
ਪਿੰਡ ਮਹੇੜੂ, ਥਾਣਾ ਸਦਰ ਸਤਨਾਮਪੁਰਾ ਫਗਵਾੜਾ,
ਜਿਲ੍ਹਾਂ ਕਪੂਰਥਲਾ।

16. ਦਿਵਯਾਂਸ਼ੂ ਗੁਪਤਾ/ਰਾਜੀਵ ਕੁਮਾਰ ਗੁਪਤਾ
ਨਿਊ ਡੀ/3, ਜੇਲ ਰੋਡ, ਸਟਰੀਟ ਨੰ:5, ਇੰਮਪਰੂਵਮੈਂਟ
ਟਰਸਟ ਕਲੋਨੀ ਗੁਰਦਾਸਪੁਰ, ਜਿਲ੍ਹਾਂ ਗੁਰਦਾਸਪੁਰ।

17. ਸਿਮਰਨਜੋਤ ਸਿੰਘ/ਨਰਪਿੰਦਰ ਸਿੰਘ
ਮਕਾਨ ਨੰ:1167, ਮਹਿਲ ਨਗਰ ਬਰਨਾਲਾ, ਤਹਿਸੀਲ ਅਤੇ
ਜਿਲ੍ਹਾਂ ਬਰਨਾਲਾ।

18. ਅਸਵਨੀ ਕੁਮਾਰ/ਵਿਜੈ ਕੁਮਾਰ

ਪਿੰਡ ਅਤੇ ਡਾਕਘਰ ਤਿਊੜ, ਥਾਣਾ ਖਰੜ, ਜਿਲ੍ਹਾ ਐਸ.ਏ.ਐਸ ਨਗਰ।

ਮੀਮੋ ਨੰ. 70/79/2018-ਸੀ2(1)/

ਚੰਡੀਗੜ੍ਹ, ਮਿਤੀ

ਵਿਸ਼ਾ ਸਹਿਕਾਰਤਾ ਵਿਭਾਗ ਵਿੱਚ 207 ਨਰੀਖਕਾਂ ਦੀ ਭਰਤੀ ਸਬੰਧੀ।

****

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਨਰੀਖਕ, ਸਹਿਕਾਰੀ ਸਭਾਵਾਂ ਦੀ ਪ੍ਰੀਖਿਆ 2018 ਦੇ ਅਧਾਰ ਤੇ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋ ਕੀਤੀ ਸਿਫਾਰਸ ਅਨੁਸਾਰ ਆਪ ਨੂੰ ਰੁਪਏ 10300-34800+4200 (ਗਰੇਡ ਪੇ) ਦੇ ਸਕੇਲ ਵਿੱਚ ਬਤੌਰ ਨਰੀਖਕ ਸਹਿਕਾਰੀ ਸਭਾਵਾਂ ਵਜੋ ਨਿਯੁੱਕਤ ਕਰਨ ਦੀ ਪੇਸਕਸ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

2 ਆਪ ਨੂੰ ਪੰਜਾਬ ਸਰਕਾਰ ਵਿੱਤ ਵਿਭਾਗ ਦੇ ਪੱਤਰ ਨੰ:7/204/2012-4ਐਫਪੀ1/66 ਮਿਤੀ 15.1.15 ਅਤੇ ਪੱਤਰ ਨੰ 7/204/2012-4ਐਫਪੀ1/ 853793/1, ਮਿਤੀ 4.10.2016 ਰਾਹੀ ਕਰਮਵਾਰ ਜਾਰੀ ਕੀਤੀਆ ਹਦਾਇਤਾ/ ਕੀਤੀ ਸੋਧ ਅਤੇ ਪੱਤਰ ਨੰ. 7/204/2012-4ਐਫਪੀ1/1049, ਮਿਤੀ 21.12.2015 ਰਾਹੀ ਜਾਰੀ ਕੀਤੇ ਸਪੱਸ਼ਟੀਕਰਨ ਅਨੁਸਾਰ ਪਰਖਕਾਲ ਸਮੇ ਦੇ ਦੌਰਾਨ ਬੱਝਵੀ ਤਨਖਾਹ (fixed emoluments) / ਭੱਤਿਆਂ ਆਦਿ ਦੇ ਲਾਭ ਮਿਲਣਯੋਗ ਹੋਣਗੇ। ਆਪ ਦੀ ਨਿਯੁੱਕਤੀ ਹੇਠ ਦੱਸੀਆਂ ਸ਼ਰਤਾਂ ਅਨੁਸਾਰ ਕੀਤੀ ਜਾਂਦੀ ਹੈ:-

ੳ) ਆਪ ਦੀ ਪਾਤਰਤਾ ਅਤੇ ਸ੍ਰੇਣੀ ਸਬੰਧੀ ਪੰਜਾਬ ਸਰਕਾਰ ਦੇ ਨਿਯਮਾਂ/ਹਦਾਇਤਾਂ/ਸੇਵਾ ਨਿਯਮਾਂ ਅਨੁਸਾਰ ਸੀਨੀਆਰਤਾ ਨਿਸਚਿਤ ਕੀਤੀ ਜਾਵੇਗੀ।

ਅ) ਆਪ ਦੇ ਪੰਜਾਬ ਕੋਆਪਰੇਟਿਵ (ਗਰੁੱਪ ਬੀ) ਸਰਵਿਸ ਰੂਲਜ 2016 ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ 1994 ਪੰਜਾਬ ਸਿਵਲ ਸੇਵਾਵਾ ਨਿਯਮਾਂਵਲੀ ਅਤੇ ਸਮੇ ਸਮੇ ਸਿਰ ਜਾਰੀ ਕੀਤੀਆਂ ਸਰਕਾਰੀ ਹਦਾਇਤਾਂ ਅਤੇ ਸਮੇ ਸਮੇ ਸਿਰ ਸਰਕਾਰ ਦੁਆਰਾ ਨਿਯਮਾਂ ਵਿੱਚ ਕੀਤੀਆਂ ਤਰਮੀਮਾਂ ਲਾਗੂ ਹੋਣਗੀਆਂ।

ੲ) ਜੇਕਰ ਆਪ ਦੁਆਰਾ ਸਰਕਾਰ ਜਾਂ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਪੇਸ਼ ਕੀਤੇ ਵੇਰਵੇ ਅਤੇ ਦਿੱਤੀ ਗਈ ਜਾਣਕਾਰੀ ਕਿਸੇ ਵੀ ਸਮੇ ਦਰੁੱਸਤ ਨਾ ਪਾਈ ਗਈ ਜਾਂ ਉਸ ਵਿੱਚ ਆਪ ਦੁਆਰਾ ਕੁਝ

ਛੁਪਾਇਆ ਗਿਆ ਹੋਵੇਗਾ ਤਾਂ ਉਸ ਸੂਰਤ ਵਿੱਚ ਆਪ ਨੂੰ ਕਿਸੇ ਵੀ ਸਮੇਂ ਤੇ ਨੌਕਰੀ ਵਿਚੋਂ ਕੱਢਿਆ ਜਾ ਸਕਦਾ ਹੈ।

ਸ) ਵਿੱਤ ਵਿਭਾਗ ਦੀਆ ਉਕਤ ਪੈਰਾ ਨੰ. 2 ਵਿਚ ਦਰਜ ਹਦਾਇਤਾ ਅਨੁਸਾਰ ਆਪ ਦਾ ਪਰਖ ਕਾਲ ਸਮਾਂ ਤਿੰਨ ਸਾਲ ਦਾ ਹੋਵੇਗਾ। ਉਸ ਪਰਖਕਾਲ ਦੇ ਸਮੇ ਵਿਚ ਜੇਕਰ ਕੋਈ ਵਾਧਾ ਕੀਤਾ ਗਿਆ ਤਾਂ ਇਸ ਪਰਖਕਾਲ ਸਮੇ ਦੌਰਾਨ ਵੀ ਆਪ ਨੂੰ ਬੱਝਵੀ ਤਨਖਾਹ (fixed emoluments) ਦਿੱਤੀ ਜਾਵੇਗੀ ਜੋ ਕਿ ਕਰਮਚਾਰੀ ਦੀ ਨਵੀ ਅਸਾਮੀ ਤੇ ਮਿਲਣ ਵਾਲੇ ਪੇ ਬੈਂਡ ਦੇ ਘੱਟੋ ਘੱਟ ਤਨਖਾਹ (Minimum, of the Pay Band) ਦੇ ਬਰਾਬਰ ਹੋਵੇਗੀ ਅਤੇ ਉਸ ਸਮੇਂ ਦੌਰਾਨ ਉਸ ਨੂੰ ਗਰੇਡ , ਸਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ ਸਿਵਾਏ ਸਫਰੀ ਭੱਤੇ ਦੇ ਮਿਲਣਯੋਗ ਨਹੀ ਹੋਣਗੇ।

ਹ) ਪਰਖ ਕਾਲ ਦਾ ਸਮਾ ਸਫਲਤਾਪੂਰਵਕ ਮੁਕੰਮਲ ਹੋਣ ਤੇ ਉਸ ਨੂੰ ਆਸਾਮੀ ਤੇ ਮਿਲਣ ਵਾਲੇ ਪੇ ਬੈਂਡ ਦੀ ਘੱਟੋ ਘੱਟ ਤਨਖਾਹ, ਸਮੇਤ ਗਰੇਡ ਪੇ ਤੋ ਸੁਰੂ ਕਰਦੇ ਹੋਏ ਪੂਰੇ ਭੱਤੇ ਮਿਲਣਯੋਗ ਹੋਣਗੇ।

ਕ) ਪਰਖ ਕਾਲ ਦਾ ਸਮਾਂ, ਅਤੇ ਜੇਕਰ ਇਸ ਸਮੇ ਵਿੱਚ ਕੋਈ ਵਾਧਾ ਕੀਤਾ ਗਿਆ ਹੈ ਤਾਂ [illegible] ਵਿੱਚ ਪਾ ਕੇ ਤਨਖਾਹ ਦੇ ਟਾਇਮ ਸਕੇਲ ਵਿੱਚ ਕੰਮ ਕਰਨ ਦਾ ਸਮਾਂ ਨਹੀ ਗਿਣਿਆ ਜਾਵੇਗਾ।

ਖ) ਜੇਕਰ ਕਰਮਚਾਰੀ ਪਹਿਲਾ ਵੀ ਪੰਜਾਬ ਸਰਕਾਰ ਵਿਚ ਨੌਕਰੀ ਕਰ ਰਿਹਾ ਸੀ ਭਾਵ ਉਸ ਦਾ ਕਿਸੇ ਆਸਾਮੀ ਤੇ ਲੀਅਨ(Lien) ਹੈ ਤਾ ਉਸ ਨੂੰ ਨਵੀ ਆਸਾਮੀ ਦੇ ਪਰਖਕਾਲ ਸਮੇਂ ਦੌਰਾਨ ਉਸ ਪਹਿਲੀ ਆਸਾਮੀ, ਜਿਸ ਉਪਰ ਉਸ ਦਾ ਲੀਅਨ ਹੈ, ਵਾਲੀ ਤਨਖਾਹ ਮਿਲਣਯੋਗ ਹੋਵੇਗੀ।

ਗ) ਆਪ ਨੂੰ ਵਿਆਹੇ ਹੋਣ ਦੀ ਸੂਰਤ ਵਿੱਚ ਇਹ ਸਰਟੀਫਿਕੇਟ ਦੇਣਾ ਹੋਵੇਗਾ ਕਿ ਆਪ ਦੀ ਇਕ ਜੀਵਿਤ ਪਤੀ/ਪਤਨੀ ਤੋ ਵੱਧ ਹੋਰ ਕੋਈ ਪਤੀ/ਪਤਨੀ ਨਹੀ ਹੈ।

ਘ) ਆਪ ਨੂੰ ਨਾਨ ਜੁਡੀਸੀਅਲ ਪੇਪਰ ਤੇ ਨਿਧਾਰਿਤ ਪ੍ਰੋਫਾਰਮੇ ਵਿੱਚ ਇਕ ਇਕਰਾਰਨਾਮਾ ਪੇਸ਼ ਕਰਨਾ ਪਵੇਗਾ ਕਿ ਆਪ ਸਿਖਲਾਈ ਮੁਕੰਮਲ ਹੋਣ ਉਪਰੰਤ ਘੱਟੋ ਘੱਟ 5 ਸਾਲ ਲਈ ਇਸ ਵਿਭਾਗ ਵਿੱਚ ਸੇਵਾ ਕਰੋਗੇ। ਜੇਕਰ ਆਪ ਟ੍ਰੇਨਿੰਗ ਜਾਂ ਨੌਕਰੀ ਵਿਚਕਾਰ ਛੱਡੋਗੇ ਤਾਂ ਟ੍ਰੇਨਿੰਗ ਦਾ ਖਰਚਾ ਆਪ ਤੋ ਵਸੂਲ ਕੀਤਾ ਜਾਵੇਗਾ।

ਙ) ਆਪ ਵੱਲੋ ਘੋਸ਼ਣਾ ਪੱਤਰ ਦੇਣਾ ਪਵੇਗਾ ਕਿ ਆਪ ਨੂੰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਵਿੱਚ ਬਰਖਾਸਤ ਨਹੀ ਕੀਤਾ ਗਿਆ ਜਾਂ ਆਪ ਵਿਰੁੱਧ ਨੈਤਿਕ ਅਪਰਾਧ ਕਰਨ ਕਰਕੇ ਕੋਈ ਸਜਾ ਨਾ ਹੋਈ ਹੋਵੇ ਅਤੇ ਨਾ ਕਿਸੇ ਅਦਾਲਤ ਵਿੱਚ ਆਪ ਦੇ ਵਿਰੁੱਧ ਕੋਈ ਫੌਜਦਾਰੀ ਕੇਸ ਚਲਦਾ ਹੋਵੇ।

ਚ) ਆਪ ਨੂੰ ਭਾਰਤ ਦੇ ਸੰਵਿਧਾਨ ਪ੍ਰਤੀ ਵਫਾਦਾਰ ਰਹਿਣ ਸਬੰਧੀ ਸੰਹੁ ਚੁੱਕਣੀ ਹੋਵੇਗੀ।

ਛ) ਜੇਕਰ ਆਪ ਨੂੰ ਇਹ ਨੋਕਰੀ ਪ੍ਰਵਾਨ ਹੈ ਤਾ ਨਾਲ ਨੱਥੀ ਗੋਪਨੀਅਤ ਦੀ ਸਹੁੰ ਸਬੰਧੀ ਸਵੈ ਘੋਸਣਾ ਪੱਤਰ ਲੈ ਕੇ ਇਹ ਪੱਤਰ ਪ੍ਰਾਪਤ ਕਰਨ ਉਪਰੰਤ ਟ੍ਰੇਨਿੰਗ ਦੇ ਸੰਦਰਭ ਵਿਚ ਰਜਿਸਟਰਾਰ ਸਹਿਕਾਰੀ ਸਭਾਵਾ, ਪੰਜਾਬ, ਚੰਡੀਗੜ੍ਹ ਦੇ ਦਫਤਰ ਤੁਰੰਤ ਡਿਊਟੀ ਜੁਆਇੰਨ ਕਰਨੀ ਪਵੇਗੀ। ਜੇਕਰ ਆਪ ਵੱਲੋ ਅਜਿਹਾ ਨਾ ਕੀਤਾ ਗਿਆ ਤਾ ਇਹ ਨਿਯੁੱਕਤੀ ਰੱਦ ਸਮਝੀ ਜਾਵੇਗੀ।

ਜ) ਆਪ ਨੂੰ ਨਿਯੁੱਕਤੀ ਪੱਤਰ ਇਸ ਸਰਤ ਤੇ ਜਾਰੀ ਕੀਤਾ ਜਾਦਾ ਹੈ ਕਿ ਆਪ ਦੇ ਯੋਗਤਾ ਸਬੰਧੀ ਸਰਟੀਫਿਕੇਟ ਸਬੰਧਿਤ ਯੂਨੀਵਰਸਿਟੀਆ ਤੋ ਤਸਦੀਕ ਕਰਵਾਏ ਜਾਣਗੇ ਅਤੇ ਆਪ ਵੱਲੋ ਜੁਆਇੰਨਿੰਗ ਸਮੇ ਵਿਚ ਵੀ ਹਲਫੀਆ ਬਿਆਨ ਵੀ ਦਿੱਤਾ ਜਾਵੇਗਾ ਕਿ ਜੇਕਰ ਆਪ ਦੀ ਵਿਦਿਅਕ ਯੋਗਤਾ ਸਬੰਧਿਤ ਦਸਤਾਵੇਜ ਯੂਨੀਵਰਸਿਟੀ ਵੱਲੋ ਵੈਰੀਫਿਕੇਸਨ ਸਮੇ ਸਹੀ ਨਾ ਪਾਏ ਗਏ ਜਾ ਯੋਗਤਾ ਸਬੰਧੀ ਸਰਟੀਫਿਕੇਟ ਗੈਰ ਮਾਨਤਾ ਪ੍ਰਾਪਤ ਯੂਨੀਵਰਸਿਟੀ ਵੱਲੋ ਜਾਰੀ ਕੀਤੇ ਪਾਏ ਗਏ ਤਾਂ ਵਿਭਾਗ ਵੱਲੋ ਆਪ ਨੂੰ ਤੁਰੰਤ ਨੋਕਰੀ ਤੋ ਬਰਖਾਸਤ ਕਰਕੇ ਆਪ ਵਿਰੁੱਧ ਕਰੀਮੀਨਲ ਪ੍ਰੋਸਡਿੰਗਸ ਵੀ ਆਰੰਭ ਦਿੱਤੀਆ ਜਾਣਗੀਆ। ਜਿਸ ਸਬੰਧੀ ਆਪ ਨੂੰ ਕੋਈ ਇਤਰਾਜ ਨਹੀ ਹੋਵੇਗਾ।

ਝ) ਆਪ ਨੂੰ 4 ਮਹੀਨੇ ਦੀ ਟ੍ਰੇਨਿੰਗ ਪੂਰੀ ਕਰਨ ਉਪਰੰਤ ਬਤੌਰ ਨਰੀਖਕ ਸਹਿਕਾਰੀ ਸਭਾਵਾਂ ਦੀ ਅਸਾਮੀ ਵਿਰੁੱਧ ਰੈਗੂਲਰ ਤੌਰ ਤੇ ਤੈਨਾਤ ਕੀਤਾ ਜਾਵੇਗਾ।

ਞ) ਆਪ ਵਲੋਂ ਨੌਕਰੀ ਤੋਂ ਅਸਤੀਫਾ ਦੇਣ ਦੀ ਸੂਰਤ ਵਿੱਚ ਇਕ ਮਹੀਨੇ ਦਾ ਅਗਾਂਹ ਨੋਟਿਸ ਜਾਂ ਇੱਕ ਮਹੀਨੇ ਦੀ ਤਨਖਾਹ ਅਤੇ ਹੋਰ ਭੱਤਿਆਂ ਜਮ੍ਹਾ ਕਰਵਾਉਣੇ ਜਰੂਰੀ ਹੋਣਗੇ।

ਟ) ਆਪ ਦੀ ਨਿਯੁੱਕਤੀ ਤੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ 8/1/2004-3ਐਫਪੀ2/2078 ਮਿਤੀ 2-3-2004 ਦੇ ਸਨਮੁੱਖ ਸਰਕਾਰ ਵੱਲੋ ਲਾਗੂ ਕੀਤੀ ਨਵੀਂ Defined Contributory Pension Scheme ਲਾਗੂ ਹੋਵੇਗੀ ਅਤੇ ਇਸ ਸਬੰਧੀ ਸਰਕਾਰ ਵੱਲੋ ਬਣਦਾ ਮੈਚਿੰਗ ਸੇਅਰ ਵੀ ਦਿੱਤਾ ਜਾਵੇਗਾ।

ਠ) ਆਪ ਨੂੰ ਆਪਣੇ (ਜੱਦੀ) ਜਿਲ੍ਹੇ ਅਤੇ ਸਥਾਨ/ਸਥਾਨਾਂ ਜਿਥੇ ਤੁਸੀ ਅਤੇ ਤੁਹਾਡੇ ਪਰਿਵਾਰ ਦੇ ਹੋਰ ਮੈਬਰ ਅਚੱਲ ਸੰਪਤੀ ਰੱਖਦੇ ਹੋਣ ਸਬੰਧੀ ਵੀ ਇਕ ਐਲਾਨਨਾਮਾ ਪੇਸ਼ ਕਰਨਾ ਪਵੇਗਾ।

ਡ) ਜੇਕਰ ਆਪ ਨੂੰ ਉਕਤ ਦਰਜ ਬਿਆਨਾਂ ਅਤੇ ਸਰਤਾਂ ਅਧੀਨ ਇਹ ਪੇਸ਼ਕਸ ਪ੍ਰਵਾਨ ਹੋਵੇ ਤਾਂ ਇਸ ਬਾਰੇ ਆਪਣੀ ਸਹਿਮਤੀ ਤੁਰੰਤ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਢ) ਨਰੀਖਕ ਸਹਿਕਾਰੀ ਸਭਾਵਾਂ ਵਿੱਚ ਆਪ ਦੀ ਸੀਨੀਆਰਤਾ ਪੀ.ਪੀ.ਐਸ.ਸੀ. ਵੱਲੋ ਭੇਜੀ ਗਈ ਸਾਂਝੀ ਮੈਰਿਟ ਸੂਚੀ/ ਨਿਯਮਾਂ ਅਨੁਸਾਰ ਨਿਸਚਿਤ ਕੀਤੀ ਜਾਵੇਗੀ।

ਣ) ਆਪ ਦੀ ਨਿਯੁੱਕਤੀ ਮਾਨਯੋਗ ਅਦਾਲਤ ਦੇ ਕਿਸੇ ਵੀ ਫੈਸਲੇ ਦੇ ਅਸਰ ਅਧੀਨ ਹੋਵੇਗੀ।

ਤ) ਆਪ ਦੀ ਬਦਲੀ ਪੰਜਾਬ ਸਰਕਾਰ ਦੁਆਰਾ ਰਾਜ ਵਿਚ ਜਾ ਭਾਰਤ ਵਿਚ ਕਿਸੇ ਵੀ ਥਾਂ ਤੇ ਜੋ ਪੰਜਾਬ ਸਰਕਾਰ ਦੇ ਪ੍ਰਬੰਧਕੀ ਕੰਟਰੋਲ ਅਧੀਨ ਹੋਵੇ, ਵਿਖੇ ਕੀਤੀ ਜਾ ਸਕਦੀ ਹੈ।

ਥ) ਆਪ ਨੂੰ ਆਪਣੇ ਨਿਯੁੱਕਤੀ ਸਥਾਨ ਜੁਆਇੰਨਿੰਗ ਦੇ ਮਕਸਦ ਲਈ ਕੋਈ ਟੀ.ਏ./ਡੀ.ਏ. ਨਹੀ ਦਿੱਤਾ ਜਾਵੇਗਾ।

ਦ) ਆਪ ਨੂੰ ਪਰਖਕਾਲ ਸਮੇ ਦੌਰਾਨ ਕੋਈ ਸਟੱਡੀ ਲੀਵ ਜਾਂ ਐਕਸ ਇੰਡੀਆ ਲੀਵ ਮੰਨਜੂਰ ਨਹੀ ਕੀਤੀ ਜਾਵੇਗੀ।

ਧ) ਆਪ ਨੂੰ ਆਪਣੇ ਨਿਯੁੱਕਤੀ ਸਥਾਨ ਤੋ ਬਦਲੀ ਸਬੰਧੀ ਪ੍ਰਤੀਬੇਨਤੀ ਤੇ ਪਹਿਲੇ ਤਿੰਨ ਸਾਲ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

ਨ) ਆਪ ਦੀ ਤੈਨਾਤੀ ਦੇ ਹੁਕਮ ਬਾਦ ਵਿਚ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ।

3 ਆਪ ਨੂੰ ਇਸ ਸਬੰਧੀ ਹਰ ਹਾਲਤ ਵਿੱਚ 15 ਦਿਨਾਂ ਦੇ ਅੰਦਰ ਅੰਦਰ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਪਾਸ ਲੋੜੀਦੇ ਦਸਤਾਵੇਜ ਸਮੇਤ ਰਿਪੋਰਟ ਕਰਨ ਲਈ ਆਦੇਸ਼ ਦਿੱਤਾ ਜਾਂਦਾ ਹੈ। ਜੇਕਰ ਨਿਰਧਾਰਤ ਸਮੇ ਅੰਦਰ ਆਪ ਵੱਲੋ ਰਿਪੋਰਟ ਨਾ ਕੀਤੀ ਗਈ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਜੁਆਇੰਨ ਕਰਨ ਲਈ ਦਿਲਚਸਪੀ ਨਹੀ ਰੱਖਦੇ ਤਾਂ ਆਪ ਦੀ ਨਿਯੁੱਕਤੀ ਦੀ ਪੇਸ਼ਕਸ ਕੈਂਸਲ ਕਰ ਦਿੱਤੀ ਜਾਵੇਗੀ।

04.12.2019

ਕਲਪਨਾ ਮਿਤਲ ਬਰੂਆ
ਵਧੀਕ ਮੁੱਖ ਸਕੱਤਰ ਸਹਿਕਾਰਤਾ

ਪਿੱਠ ਅੰਕਣ ਨੰ 70/79/2018-ਸੀ2(1)/ ਚੰਡੀਗੜ੍ਹ ਮਿਤੀ

ਇਸ ਦਾ ਇਕ ਉਤਾਰਾ ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹਨਾਂ ਦੀ ਜੁਆਇੰਨਿੰਗ ਰਿਪੋਰਟ ਇਸ ਵਿਭਾਗ ਨੂੰ ਭੇਜੀ ਜਾਵੇ।

ਵਧੀਕ ਸਕੱਤਰ ਸਹਿਕਾਰਤਾ

ਅੰ.ਵਿ.ਪ. ਨੰ 70/79/2018-ਸੀ2(1)/ ਚੰਡੀਗੜ੍ਹ ਮਿਤੀ

ਇਕ ਉਤਾਰਾ ਸਕੱਤਰ ਪੰਜਾਬ ਲੋਕ ਸੇਵਾ ਕਮਿਸ਼ਨ ਪਟਿਆਲਾ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਸਹਿਕਾਰਤਾ

ਢ) ਨਰੀਖਕ ਸਹਿਕਾਰੀ ਸਭਾਵਾਂ ਵਿੱਚ ਆਪ ਦੀ ਸੀਨੀਆਰਤਾ ਪੀ.ਪੀ.ਐਸ.ਸੀ. ਵੱਲੋ ਭੇਜੀ ਗਈ ਸਾਝੀ ਮੈਰਿਟ ਸੂਚੀ/ ਨਿਯਮਾਂ ਅਨੁਸਾਰ ਨਿਸਚਿਤ ਕੀਤੀ ਜਾਵੇਗੀ।

ਣ) ਆਪ ਦੀ ਨਿਯੁੱਕਤੀ ਮਾਨਯੋਗ ਅਦਾਲਤ ਦੇ ਕਿਸੇ ਵੀ ਫੈਸਲੇ ਦੇ ਅਸਰ ਅਧੀਨ ਹੋਵੇਗੀ।

ਤ) ਆਪ ਦੀ ਬਦਲੀ ਪੰਜਾਬ ਸਰਕਾਰ ਦੁਆਰਾ ਰਾਜ ਵਿਚ ਜਾ ਭਾਰਤ ਵਿਚ ਕਿਸੇ ਵੀ ਥਾ ਤੇ ਜੋ ਪੰਜਾਬ ਸਰਕਾਰ ਦੇ ਪ੍ਰਬੰਧਕੀ ਕੰਟਰੋਲ ਅਧੀਨ ਹੋਵੇ, ਵਿਖੇ ਕੀਤੀ ਜਾ ਸਕਦੀ ਹੈ।

ਥ) ਆਪ ਨੂੰ ਆਪਣੇ ਨਿਯੁੱਕਤੀ ਸਥਾਨ ਜੁਆਇੰਨਿੰਗ ਦੇ ਮਕਸਦ ਲਈ ਕੋਈ ਟੀ.ਏ./ਡੀ.ਏ. ਨਹੀ ਦਿੱਤਾ ਜਾਵੇਗਾ।

ਦ) ਆਪ ਨੂੰ ਪਰਖਕਾਲ ਸਮੇ ਦੌਰਾਨ ਕੋਈ ਸਟੱਡੀ ਲੀਵ ਜਾਂ ਐਕਸ ਇੰਡੀਆ ਲੀਵ ਮੰਨਜੂਰ ਨਹੀ ਕੀਤੀ ਜਾਵੇਗੀ।

ਧ). ਆਪ ਨੂੰ ਆਪਣੇ ਨਿਯੁੱਕਤੀ ਸਥਾਨ ਤੋ ਬਦਲੀ ਸਬੰਧੀ ਪ੍ਰਤੀਬੇਨਤੀ ਤੇ ਪਹਿਲੇ ਤਿੰਨ ਸਾਲ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

ਨ) ਆਪ ਦੀ ਤੈਨਾਤੀ ਦੇ ਹੁਕਮ ਬਾਦ ਵਿਚ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ।

3 ਆਪ ਨੂੰ ਇਸ ਸਬੰਧੀ ਹਰ ਹਾਲਤ ਵਿੱਚ 15 ਦਿਨਾਂ ਦੇ ਅੰਦਰ ਅੰਦਰ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਪਾਸ ਲੋੜੀਦੇ ਦਸਤਾਵੇਜ ਸਮੇਤ ਰਿਪੋਰਟ ਕਰਨ ਲਈ ਆਦੇਸ਼ ਦਿੱਤਾ ਜਾਂਦਾ ਹੈ। ਜੇਕਰ ਨਿਰਧਾਰਤ ਸਮੇ ਅੰਦਰ ਆਪ ਵੱਲੋ ਰਿਪੋਰਟ ਨਾ ਕੀਤੀ ਗਈ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਜੁਆਇੰਨ ਕਰਨ ਲਈ ਦਿਲਚਸਪੀ ਨਹੀ ਰੱਖਦੇ ਤਾਂ ਆਪ ਦੀ ਨਿਯੁੱਕਤੀ ਦੀ ਪੇਸ਼ਕਸ ਕੈਂਸਲ ਕਰ ਦਿੱਤੀ ਜਾਵੇਗੀ।

04.12.2019

ਕਲਪਨਾ ਮਿਤਲ ਬਰੂਆ
ਵਧੀਕ ਮੁੱਖ ਸਕੱਤਰ ਸਹਿਕਾਰਤਾ

ਪਿੱਠ ਅੰਕਣ ਨੰ 70/79/2018-ਸੀ2(1)/

ਚੰਡੀਗੜ੍ਹ ਮਿਤੀ

ਇਸ ਦਾ ਇਕ ਉਤਾਰਾ ਰਜਿਸਟਰਾਰ, ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹਨਾਂ ਦੀ ਜੁਆਇੰਨਿੰਗ ਰਿਪੋਰਟ ਇਸ ਵਿਭਾਗ ਨੂੰ ਭੇਜੀ ਜਾਵੇ।

ਵਧੀਕ ਸਕੱਤਰ ਸਹਿਕਾਰਤਾ

ਅੰ.ਵਿ.ਪ. ਨੰ 70/79/2018-ਸੀ2(1)/

ਚੰਡੀਗੜ੍ਹ ਮਿਤੀ

ਇਕ ਉਤਾਰਾ ਸਕੱਤਰ ਪੰਜਾਬ ਲੋਕ ਸੇਵਾ ਕਮਿਸ਼ਨ ਪਟਿਆਲਾ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਸਹਿਕਾਰਤਾ

ਪਿਛਲੇ ਪੰਨੇ ਤੋ:---

ਪਿੱਠ ਅੰਕਣ ਨੰ:ਰਸਸ/ਅਮਲਾ-1/ਅਸ-1/ਭਰਤੀ/ਨਰੀਖਕ/207/11472-77 ਮਿਤੀ 26-12-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
2. ਪ੍ਰਬੰਧਕ ਨਿਰਦੇਸ਼ਕ, ਪੀ.ਆਈ.ਸੀ.ਟੀ. ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਨਵ-ਨਿਯੁਕਤ ਨਰੀਖਕਾਂ ਨੂੰ ਮਿਤੀ 01.01.2020 ਤੋਂ 31.03.2020 ਤੱਕ ਟ੍ਰੇਨਿੰਗ ਦਿਵਾਉਣ ਦਾ ਪ੍ਰਬੰਧ ਕੀਤਾ ਜਾਵੇ।
3. ਉਪ ਕੰਟਰੋਲਰ (ਵਿੱਤ ਤੇ ਲੇਖਾ) ਇੰਚਾਰਜ ਲੇਖਾ ਅਤੇ ਬਜਟ ਸ਼ਾਖਾ, ਮੁੱਖ ਦਫਤਰ।
4. ਸੁਪਰਡੰਟ, ਅਮਲਾ ਸ਼ਾਖਾ-2, ਮੁੱਖ ਦਫਤਰ।
5. ਸਮੂਹ ਨਵ ਨਿਯੁਕਤ ਨਰੀਖਕ, ਸਹਿਕਾਰੀ ਸਭਾਵਾਂ ਰਾਹੀਂ ਉਪ ਰਜਿਸਟਰਾਰ, ਸ/ਸ, ਜਲੰਧਰ, ਪਟਿਆਲਾ, ਰੂਪਨਗਰ, ਐਸ.ਏ.ਐਸ ਨਗਰ, ਬਰਨਾਲਾ, ਸੰਗਰੂਰ, ਫਰੀਦਕੋਟ, ਬਠਿੰਡਾ, ਫਿਰੋਜਪੁਰ, ਫਾਜਿਲਕਾ, ਹੁਸ਼ਿਆਰਪੁਰ, ਕਪੂਰਥਲਾ ਅਤੇ ਗੁਰਦਾਸਪੁਰ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 01.01.2020 ਨੂੰ ਸਵੇਰੇ 10.00 ਵਜੇ ਪੀ.ਆਈ.ਸੀ.ਟੀ, ਫੇਜ਼-1, ਪਲਾਟ ਨੰ:49, ਚੰਡੀਗੜ੍ਹ ਵਿਖੇ, ਨਿਯੁਕਤੀ ਪੱਤਰ ਵਿੱਚ ਦਰਜ ਸ਼ਰਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ ਸਮੇਤ ਹਾਜ਼ਰੀ ਰਿਪੋਰਟ ਲੈ ਕੇ ਸਮੇਂ ਸਿਰ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।
6. ਉਪ ਰਜਿਸਟਰਾਰ, ਸ/ਸ, ਜਲੰਧਰ, ਪਟਿਆਲਾ, ਰੂਪਨਗਰ, ਐਸ.ਏ.ਐਸ ਨਗਰ, ਬਰਨਾਲਾ, ਸੰਗਰੂਰ, ਫਰੀਦਕੋਟ, ਬਠਿੰਡਾ, ਫਿਰੋਜਪੁਰ, ਫਾਜਿਲਕਾ, ਹੁਸ਼ਿਆਰਪੁਰ, ਕਪੂਰਥਲਾ ਅਤੇ ਗੁਰਦਾਸਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਨਿਯੁਕਤੀ ਪੱਤਰ ਸਬੰਧਤ ਨੂੰ ਡਲਿਵਰ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਸੁਪਰਡੰਟ (ਅਮਲਾ-1)

ਪੰਜਾਬ ਸਰਕਾਰ
ਸਹਿਕਾਰਤਾ ਵਿਭਾਗ
(ਸਹਿਕਾਰਤਾ-2 ਸਾਖਾ)

ਸੇਵਾ ਵਿਖੇ,

ਗੁਰਸਿਮਰਨ ਸਿੰਘ ਪੁੱਤਰ ਸੁਰਿੰਦਰ ਸਿੰਘ,
ਮਕਾਨ ਨੰ. 4070, ਗਲੀ ਨੰ. 10,
ਨਵੀ ਆਬਾਦੀ ਅਬਹੋਰ, ਜਿਲਾ ਫਾਜਿਲਕਾ।

ਜਸਪ੍ਰੀਤ ਕੌਰ ਪੁੱਤਰੀ ਮਸਤਾਨ ਸਿੰਘ,
ਮਕਾਨ ਨੰ. 24-ਏ, ਰਾਮ ਸਰਨਮ ਕਲੋਨੀ, ਥਾਣਾਂ ਸਿਟੀ ਡਵੀਜਨ ਨੰ. 2,
ਜਿਲਾ ਪਠਾਨਕੋਟ।

ਮੀਮੋ ਨੰ. 70/79/2018-ਸੀ2(1)/9933
ਚੰਡੀਗੜ੍ਹ, ਮਿਤੀ 20/12/19

ਵਿਸ਼ਾ:- ਨਰੀਖਕ ਸਹਿਕਾਰੀ ਸਭਾਵਾ ਦੇ ਤੌਰ ਤੇ ਨਿਯੁੱਕਤੀ ਕੀਤੀ ਜਾਣ ਦੀ ਬੇਨਤੀ।

ਹਵਾਲਾ:- ਆਪ ਦੀ ਪ੍ਰਤੀਬੇਨਤੀ ਮਿਤੀ 5.8.2019

*******

ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪ੍ਰਤੀਬੇਨਤੀ ਦੇ ਸਬੰਧ ਵਿਚ ਦਸਿਆ ਜਾਦਾ ਹੈ ਕਿ ਸਰਕਾਰ ਦੇ ਪੱਤਰ ਨੰ. 70/79/2018-ਸੀ2(1)/1493992/1-70, ਮਿਤੀ 30.05.2019 ਰਾਹੀ ਬਤੌਰ ਨਰੀਖਕ ਸਹਿਕਾਰੀ ਸਭਾਵਾ ਨਿਯੁੱਕਤੀ ਪੱਤਰ ਜਾਰੀ ਕੀਤਾ ਗਿਆ ਸੀ। ਇਸ ਦੇ ਸਬੰਧ ਵਿਚ ਆਪ ਨੂੰ ਜੁਆਇੰਨਿੰਗ ਲਈ ਇਕ ਆਖਰੀ ਮੌਕਾ ਦਿੰਦੇ ਹੋਏ ਲਿਖਿਆ ਜਾਦਾ ਹੈ ਕਿ ਆਪ 10 ਦਿਨਾਂ ਦੇ ਅੰਦਰ ਅੰਦਰ ਰਜਿਸਟਰਾਰ ਸਹਿਕਾਰੀ ਸਭਾਵਾ ਪੰਜਾਬ ਚੰਡੀਗੜ ਦੇ ਦਫਤਰ ਵਿਚ ਹਾਜਰ ਹੋਵੋ। ਜੇਕਰ ਆਪ ਮਿਥੇ ਸਮੇ ਅੰਦਰ ਹਾਜਰ ਨਹੀ ਹੁੰਦੇ ਤਾ ਆਪ ਦੀ ਪਾਤਰਤਾ ਰੱਦ ਕਰਨ ਦਾ ਵਿਚਾਰ ਕੀਤਾ ਜਾਵੇਗਾ।

1457
23.12.19

ਵਧੀਕ ਸਕੱਤਰ ਸਹਿਕਰਤਾ

ਪਿੰਠ ਅੰਕਣ ਨੰ. 70/79/2018-ਸੀ2(1)/9934
ਚੰਡੀਗੜ੍ਹ, ਮਿਤੀ 20/12/19

ਇਸ ਦਾ ਇਕ ਉਤਾਰਾ ਰਜਿਸਟਰਾਰ ਸਹਿਕਾਰੀ ਸਭਾਵਾ ਪੰਜਾਬ ਚੰਡੀਗੜ੍ਹ ਨੂੰ ਉਨਾ ਦੇ ਦਫਤਰ ਦੇ ਪੱਤਰ ਨੰ. ਰਸਸ/ਅਮਲਾ-1/ਅਸ-1/ ਭਰਤੀ/ ਨਰੀਖਕ/ 207/ 10698, ਮਿਤੀ 27.11.2019 ਦੇ ਹਵਾਲੇ ਵਿਚ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

23/12/19

ਵਧੀਕ ਸਕੱਤਰ ਸਹਿਕਾਰਤਾ

ਪਿਛਲੇ ਪੰਨੇ ਤੋ:---

ਪਿੱਠ ਅੰਕਣ ਨੰ:ਰਸਸ/ਅਮਲਾ-1/ਅਸ-1/ਭਰਤੀ/ਨਰੀਖਕ/207/ 11478-83 ਮਿਤੀ 26-12-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।
2. ਪ੍ਰਬੰਧਕ ਨਿਰਦੇਸ਼ਕ, ਪੀ.ਆਈ.ਸੀ.ਟੀ. ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਨਵ-ਨਿਯੁਕਤ ਨਰੀਖਕਾਂ ਨੂੰ ਮਿਤੀ 01.01.2020 ਤੋਂ 31.03.2020 ਤੱਕ ਟ੍ਰੇਨਿੰਗ ਦਿਵਾਉਣ ਦਾ ਪ੍ਰਬੰਧ ਕੀਤਾ ਜਾਵੇ।
3. ਉਪ ਕੰਟਰੋਲਰ (ਵਿੱਤ ਤੇ ਲੇਖਾ) ਇੰਚਾਰਜ ਲੇਖਾ ਅਤੇ ਬਜਟ ਸ਼ਾਖਾ, ਮੁੱਖ ਦਫਤਰ।
4. ਸੁਪਰਡੰਟ, ਅਮਲਾ ਸ਼ਾਖਾ-2, ਮੁੱਖ ਦਫਤਰ।
5. ਸ੍ਰੀ ਗੁਰਸਿਮਰਨ ਸਿੰਘ ਪੁੱਤਰ ਸ੍ਰੀ ਸੁਰਿੰਦਰ ਸਿੰਘ ਅਤੇ ਮਿਸ ਜਸਪ੍ਰੀਤ ਕੌਰ ਪੁੱਤਰੀ ਮਸਤਾਨ ਸਿੰਘ, ਨਵ ਨਿਯੁਕਤ ਨਰੀਖਕ, ਸਹਿਕਾਰੀ ਸਭਾਵਾਂ ਰਾਹੀਂ ਉਪ ਰਜਿਸਟਰਾਰ, ਸ/ਸ, .ਫਾਜਿਲਕਾ ਅਤੇ ਪਠਾਨਕੋਟ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 01.01.2020 ਨੂੰ ਸਵੇਰੇ 10.00 ਵਜੇ ਪੀ.ਆਈ.ਸੀ.ਟੀ. ਫੇਜ਼-1, ਪਲਾਟ ਨੰ:49, ਚੰਡੀਗੜ੍ਹ ਵਿਖੇ, ਨਿਯੁਕਤੀ ਪੱਤਰ ਵਿੱਚ ਦਰਜ ਸ਼ਰਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ ਸਮੇਤ ਹਾਜ਼ਰੀ ਰਿਪੋਰਟ ਲੈ ਕੇ ਸਮੇਂ ਸਿਰ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।
6. ਉਪ ਰਜਿਸਟਰਾਰ, ਸ/ਸ, ਫਾਜਿਲਕਾ ਅਤੇ ਪਠਾਨਕੋਟ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਨਿਯੁਕਤੀ ਪੱਤਰ ਸਬੰਧਤ ਨੂੰ ਡਲਿਵਰ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਸੁਪਰਡੰਟ (ਅਮਲਾ-1)

ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਅਮਲਾ ਸ਼ਾਖਾ-1) 0172-5046816

ਹੁਕਮ:

ਸ੍ਰੀਮਤੀ ਪਲਵੀ ਸੈਣੀ ਨਵ-ਨਿਯੁਕਤ ਨਰੀਖਕ ਨੂੰ ਇਸ ਦਫਤਰ ਦੇ ਪੱਤਰ ਹੁਕਮ ਪਿੱਠ ਅੰਕਣ ਨੰ:ਰਸਸ/ਅਮਲਾ-1/ਅਸ-1/ਭਰਤੀ/ਨਰੀਖਕ/207/ 10908-10 ਮਿਤੀ 02.12.2019 ਰਾਂਹੀ ਮਿਤੀ 03.12.2019 ਤੋਂ ਇੱਕ ਮਹੀਨੇ ਦੀ ਵਿਭਾਗੀ ਖੇਤਰੀ ਟ੍ਰੇਨਿੰਗ ਲਈ ਉਪ ਰਜਿਸਟਰਾਰ, ਸਹਿਕਾਰੀ ਸਭਾਵਾ, ਪਠਾਨਕੋਟ ਵਿਖੇ ਅਟੈਚ ਕੀਤਾ ਗਿਆ ਸੀ।

ਹੁਣ ਉਕਤ ਹੁਕਮਾਂ ਦੀ ਲਗਾਤਾਰਤਾ ਵਿੱਚ ਆਪ ਨੂੰ ਪੀ.ਆਈ.ਸੀ.ਟੀ ਚੰਡੀਗੜ੍ਹ ਵਿਖੇ ਮਿਤੀ 01.01.2020 ਤੋਂ 31.03.2020 ਤੱਕ 03 ਮਹੀਨੇ ਦੀ ਟ੍ਰੇਨਿੰਗ ਲਈ ਪਾਬੰਧ ਕੀਤਾ ਜਾਂਦਾ ਹੈ।

ਮਿਤੀ:24.12.2019

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਅਮਲਾ-1/ਅਸ-1/ਭਰਤੀ/ਨਰੀਖਕ/207/ 11810-13 ਮਿਤੀ/ 26-12-19

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।
2. ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਪਠਾਨਕੋਟ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਨਵ ਨਿਯੁਕਤ ਨਰੀਖਕ ਨੂੰ ਟ੍ਰੇਨਿੰਗ ਹਿੱਤ ਰਲੀਵ ਕੀਤਾ ਜਾਵੇ।
3. ਪ੍ਰਬੰਧਕ ਨਿਰਦੇਸ਼ਕ, ਪੀ.ਆਈ.ਸੀ.ਟੀ. ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਨਵ-ਨਿਯੁਕਤ ਨਰੀਖਕਾਂ ਨੂੰ ਮਿਤੀ 01.01.2020 ਤੋਂ 31.03.2020 ਤੱਕ ਟ੍ਰੇਨਿੰਗ ਦਿਵਾਉਣ ਦਾ ਪ੍ਰਬੰਧ ਕੀਤਾ ਜਾਵੇ।
4. ਸ੍ਰੀਮਤੀ ਪਲਵੀ ਸੈਣੀ, ਨਵ ਨਿਯੁਕਤ ਨਰੀਖਕ (ਟ੍ਰੇਨਿੰਗ ਅਧੀਨ) ਰਾਹੀਂ ਉਪ ਰਜਿਸਟਰਾਰ, ਸ/ਸ, ਪਠਾਨਕੋਟ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਮਿਤੀ 01.01.2020 ਨੂੰ ਸਵੇਰੇ 10.00 ਵਜੇ 03 ਮਹੀਨੇ ਦੀ ਟ੍ਰੇਨਿੰਗ ਹਿੱਤ ਪੀ.ਆਈ.ਸੀ.ਟੀ. ਚੰਡੀਗੜ੍ਹ ਵਿਖੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।

ਸੁਪਰਡੰਟ (ਅਮਲਾ-1)